(i) Printed Pages : 3 Roll No. ..............................

(ii) Questions : 5

Sub. Code : | 0 | 2 | 0 | 3 |

Exam. Code : | 0 | 0 | 0 | 3 |

B.A./B.Sc. (General) 3rd Sem.

(2123)

PUNJABI (Compulsory)

(For B.A. only & Shastri 3rd Semester)

Time Allowed : Three Hours] [Maximum Marks : 45

**ਨੋਟ** :- (1) ਸੁੰਦਰ ਤੇ ਸਪੱਸ਼ਟ ਲਿਖਿਆ ਜਾਵੇ।

(2) ਭਾਗਾਂ ਵਾਲੇ ਪ੍ਰਸ਼ਨ ਇੱਕ ਥਾਂ 'ਤੇ ਇਕੱਠੇ ਕੀਤੇ ਜਾਣ।

1. (ੳ) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਨਿਬੰਧ ਦਾ ਵਿਸ਼ਾ-ਵਸਤੂ ਦੱਸ ਕੇ ਸਾਰ ਲਿਖੋ :

   (i) ਲੋਕ-ਵਿਸ਼ਵਾਸ : ਵਹਿਮ-ਭਰਮ

   (ii) ਪੰਜਾਬ ਦੀ ਲੋਕਧਾਰਾ ਅਤੇ ਮਾਨਵੀ ਚੇਤਨਾ

   (iii) ਪੰਜਾਬ ਦੀਆਂ ਵਿਰਾਸਤੀ ਖੇਡਾਂ। 4+6=10

   (ਅ) ਕਿਸੇ **ਇੱਕ** ਸੱਭਿਆਚਾਰਕ ਸੰਕਲਪ ਨੂੰ ਸਪੱਸ਼ਟ ਕਰੋ :

   (i) ਲੋਕ-ਗੀਤ

   (ii) ਗਿੱਧਾ

   (iii) ਲੋਕ-ਚਿਕਿਤਸਾ। 5

2. 'ਪੰਜ-ਆਬ' ਪੁਸਤਕ ਦੇ ਆਧਾਰ 'ਤੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(i) 'ਮੇਰੇ ਪਿੰਡ ਦੇ ਇਸ਼ਟ' ਨਿਬੰਧ ਵਿੱਚ ਪਿੰਡ ਦੀ ਖ਼ਾਨਗਾਹ 'ਤੇ ਕੀ ਹੁੰਦਾ ਹੈ ?

(ii) ਪੰਜਾਬੀ ਲੋਕ-ਗੀਤਾਂ ਅਤੇ ਅਖਾਣਾਂ ਵਿੱਚ ਕੀ ਅੰਤਰ ਹੈ ?

(iii) ਗੁੱਗਾ ਪੀਰ ਨੂੰ ਮਨਾਉਣ ਲਈ ਉਸਦੇ ਭਗਤ ਕੀ ਕਰਦੇ ਹਨ ?

(iv) ਮੀਂਹ ਪੈਣ ਨਾਲ ਧਰਤੀ ਕਿਵੇਂ ਸ਼ਿੰਗਾਰੀ ਜਾਂਦੀ ਹੈ ?

(v) ਰੁੱਧ-ਖੋਟ ਕੀ ਹੁੰਦਾ ਹੈ ?

(vi) ਬੋਲੀਆਂ ਵਿੱਚ ਤੋੜੇ ਦੀ ਕੀ ਅਹਿਮੀਅਤ ਹੈ ?

(vii) ਵਿਰਾਸਤੀ ਖੇਡਾਂ ਨੂੰ ਲੋਕ ਖੇਡਾਂ ਕਿਉਂ ਕਿਹਾ ਜਾ ਸਕਦਾ ਹੈ ?

(viii) ਬਾਂਦਰ ਕੀਲਾ ਖੇਡ ਕਿਵੇਂ ਖੇਡੀ ਜਾਂਦੀ ਹੈ ? 5×1=5

3. (i) ਆਪਣੇ ਜ਼ਿਲੇ ਦੇ ਮੱਛੀ ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵਲੋਂ ਮਿਲਦੀ ਸਬਸਿਡੀ ਅਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ।

**ਜਾਂ**

(ii) ਕਿਸੇ ਅਖਬਾਰ ਦੇ ਸੰਪਾਦਕ ਨੂੰ ਇੱਕ ਪਾਤਰ ਲਿਖ ਕੇ ਵਿਦਿਆਰਥੀਆਂ ਵਿੱਚ ਵੱਧ ਰਹੀ ਅਨੁਸ਼ਾਸਨਹੀਣਤਾ ਵੱਲ ਧਿਆਨ ਦਿਵਾਓ। 8

4. (i) ਪੰਜਾਬੀ ਭਾਸ਼ਾ ਦੇ ਜਨਮ ਅਤੇ ਵਿਕਾਸ ਬਾਰੇ ਚਾਨਣਾ ਪਾਓ।

**ਜਾਂ**

(ii) ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਉੱਤੇ ਵਿਚਾਰ ਕਰੋ। 7

5. (ੳ) (i) ਭਾਵਂਸ਼ ਕੀ ਹੁੰਦਾ ਹੈ ? ਬੰਦ ਅਤੇ ਖੁੱਲ੍ਹੇ ਭਾਵਂਸ਼ਾਂ ਉੱਤੇ ਵਿਚਾਰ ਚਰਚਾ ਕਰੋ।

**ਜਾਂ**

(ii) ਵਧੇਤਰ ਕੀ ਹੁੰਦਾ ਹੈ ? ਇਨ੍ਹਾਂ ਦੀਆਂ ਕਿਸਮਾਂ ਉਦਾਹਰਨਾਂ ਸਹਿਤ ਬਿਆਨ ਕਰੋ। 6

(ਅ) ਨਿਮਨਲਿਖਤ ਵਿੱਚੋਂ ਕੋਈ **ਦੋ** ਪ੍ਰਸ਼ਨ ਹੱਲ ਕਰੋ :

(i) ਹੇਠ ਲਿਖੇ ਵਾਕ ਵਿੱਚੋਂ ਯੋਜਕ ਚੁਣੋ :

ਉਹ ਸਫਲ ਹੋ ਗਿਆ ਕਿਉਂਕਿ ਉਸਨੇ ਮਿਹਨਤ ਕੀਤੀ ਸੀ।

(ii) ਕੋਈ ਦੋ ਸਮਾਸੀ ਸ਼ਬਦ ਲਿਖੋ।

(iii) 'ਖਾਨਾ' ਅਤੇ 'ਮੰਦ' ਪਿਛੇਤਰ ਵਾਲੇ ਦੋ-ਦੋ ਸ਼ਬਦ ਲਿਖੋ।

(iv) 'ਸਬ' ਅਤੇ 'ਪਰ' ਅਗੇਤਰ ਵਾਲੇ ਦੋ-ਦੋ ਸ਼ਬਦ ਲਿਖੋ।

2+2=4